28

# ਸਲੀਬ ਦੀਆਂ ਵੱਡੀਆਂ ਗੱਲਾਂ, 1

## ਰੋਮੀਆਂ 5:11-21

*''ਅਤੇ ਨਿਹਚਾ ਇਹੋ ਨਹੀਂ ਸਗੋਂ ਅਸੀਂ ਪ੍ਰਮੇਸ਼ਵਰ ਉੱਤੇ ਭੀ ਆਪਣੇ ਪ੍ਰਭੁ ਯਿਸੂ ਮਸੀਹ ਦੇ ਵਸੀਲੇ ਨਾਲ ਜਿਸ ਕਰਕੇ ਅਸੀਂ ਹੁਣ ਮਿਲਾਏ ਗਏ ਅਭਮਾਨ ਕਰਦੇ ਹਾਂ'' (ਰੋਮੀਆਂ 5:11)।*

### ''ਪ੍ਰਾਸਚਿਤ''

ਇਤਿਹਾਸ ਵਿਚ ਬਾਈਬਲ ਤੇ ਸੱਦੇ ਤੋਂ ਵੱਡੀ ਹੈਰਾਨ ਕਰ ਦੇਣ ਵਾਲੀ ਹੋਰ ਕੋਈ ਗੱਲ ਨਹੀਂ ਹੈ। ਖ਼ੁਦਾ ਸਾਨੂੰ ਸਲੀਬ ਦੀ ਡੂੰਘਾਈ ਦੀ ਥਾਹ ਲੈਣ ਦਾ ਸੱਦਾ ਦਿੰਦਾ ਹੈ। ਜਦ ਅਸੀਂ ਉਹ ਥਾਹ ਲੈਂਦੇ ਹਾਂ ਤਾਂ ਦੰਗ ਹੋ ਜਾਂਦੇ ਹਾਂ ਅਤੇ ਸ਼ੁਕਰਗੁਜ਼ਾਰੀ ਨਾਲ ਭਰ ਜਾਂਦੇ ਹਾਂ।

ਪ੍ਰਾਸਚਿਤ, ਭਾਵ ਖ਼ੁਦਾ ਨਾਲ ਇਕ ਕੀਤੇ ਜਾਣਾ। ਬਾਈਬਲ ਦੇ ਮਹਾਨ ਵਿਸ਼ਿਆ ਵਿੱਚੋਂ ਇਕ ਹੈ। ਇਹ ਇਕ ਸੱਚਾਈ ਹੈ ਜੋ ਮਸੀਹੀਅਤ ਨੂੰ ਹੋਰ ਸਭ ਧਰਮਾਂ ਤੋਂ ਅੱਡ ਕਰਦੀ ਹੈ। ਸਮੇਂ ਵਿਚ ਇਕ ਦਿਨ-ਸਲੀਬ 'ਤੇ, ਯਿਸੂ ਦੀ ਮੌਤ ਵਿਚ ਪਾਪੀ ਮਨੁੱਖ ਨੇ ਖ਼ੁਦਾ ਦਾ ਅਬਦੀ ਪਿਆਰ ਵੇਖਿਆ (ਯੂਹੰਨਾ 3:16)।

ਪਾਪ ਪਵਿੱਤਰਤਾ ਨੂੰ ਭੰਗ ਕਰਦਾ ਅਤੇ ਅਣਡਿੱਠ ਕਰਦਾ ਹੈ। ਪਾਪ ਨਾਲ ਮਨੁੱਖ ਨੇ ਆਪਣੇ ਆਪ ਨੂੰ ਪਵਿੱਤਰ ਖ਼ੁਦਾ ਤੋਂ ਦੂਰ ਕਰ ਲਿਆ ਹੈ। ਕਿਸੇ ਪਾਪੀ ਨੂੰ ਖ਼ੁਦਾ ਦੀ ਹਜ਼ੂਰੀ ਵਿਚ ਖੜੇ ਹੋਣ ਦਾ ਹੱਕ ਜਾਂ ਕਾਰਣ ਨਹੀਂ ਹੈ। ਭਲਾ ਮਨੁੱਖ ਪਾਪ ਵਿਚ ਬਚਾਇਆ ਜਾ ਸਕਦਾ ਹੈ? ਜੇ ਹਾਂ ਤਾਂ ਕਿਵੇਂ, ਕਦੋਂ, ਅਤੇ ਕਿਹਦੇ ਰਾਹੀਂ? ਪਾਪ ਸਭ ਮੁਸ਼ਕਿਲਾਂ ਤੋਂ ਵੱਡੀ ਮੁਸ਼ਕਿਲ ਹੈ, ਪਰ ਯਿਸੂ ਇਹਦਾ ਹੱਲ ਕਰਨ ਲਈ ਮਰਿਆ।

ਯਿਸੂ ਬਚਾਏ ਹੋਇਆਂ ਨੂੰ ਭਾਲਣ ਨਹੀਂ ਆਇਆ, ਬਲਕਿ ਉਹ ਗੁਆਚਿਆਂ ਹੋਇਆਂ ਨੂੰ ਭਾਲਣ ਆਇਆ (ਲੂਕਾ 9:10), ਕਲਵਰੀ ਯਕੀਨ ਤੋਂ ਬਾਹਰ ਪ੍ਰਕਾਸ਼ ਹੈ ਕਿ ਖ਼ੁਦਾ ਮਾਫ਼ ਕਰਨ ਵਾਲਾ ਖ਼ੁਦਾ ਹੈ। ਪ੍ਰਾਸਚਿਤ ਖ਼ੁਦਾ ਦਾ ਪਿਆਰ ਦਾ ਤੋਹਫ਼ਾ ਹੈ!

ਪ੍ਰਾਸਚਿਤ ਸਾਡੀ ਸਮਝ ਤੋਂ ਬਾਹਰ ਪ੍ਰਕਾਸ਼ ਹੈ ਅਤੇ ਨਾ ਅਸੀਂ ਇਹਦਾ ਮੁਆਵਜ਼ਾ ਦੇ ਸਕਦੇ ਹਾਂ। ਵਿਸ਼ਵਾਸ ਉਹ ਯਕੀਨ ਕਰਦਾ ਹੈ ਜਿਸ ਨੂੰ ਕਦੇ ਸਮਝਿਆ ਨਹੀਂ ਜਾ ਸਕਦਾ।

ਨਾਕਾਫ਼ੀ ਕੀਮਤ ਦੇ ਕੇ ਸਪੱਸ਼ਟ ਖਰੀਦਣ ਵੀ ਬਜਾਇ ਉਹ ਥਿਓਲੋਜੀ (ਧਰਮ ਸਿੱਖਿਆ) ਨੂੰ ਕਬੂਲ ਕਰ ਲੈਣਾ ਬੇਹਤਰ ਹੈ। ਬਿਨਾਂ ਪ੍ਰਾਸਚਿਤ ਦੇ ਖ਼ੁਦਾ ਨਾਲ ਸੱਚੀ ਸੰਗਤੀ ਨਹੀਂ ਹੈ। ਯਿਸੂ ਨੇ ਪਾਪ ਦੀ ਸਜ਼ਾ ਆਪਣੇ ਉੱਪਰ ਲੈ ਲਈ। ਇਸ ਕਰਕੇ ਪਾਪੀ ਲੋਕ ਸਲੀਬ ਦਿੱਤੇ ਜਾਣ ਦੀ ਗੱਲ ਤੇ ਬਹੁਤੇ ਨਿਰਭਰ ਹਨ। ਜੇ ਪਾਪੀਆਂ ਨੂੰ ਕਿਸੇ ਹੋਰ ਤਰੀਕੇ ਬਚਾਇਆ ਜਾ ਸਕਦਾ ਹੁੰਦਾ ਤਾਂ ਖ਼ੁਦਾ ਅਪਣੇ ਇਕਲੌਤੇ ਪੁੱਤਰ ਦੀ ਕੁਰਬਾਨੀ ਦੇਣ ਵਾਲਾ ਸ਼ੈਤਾਨ ਹੁੰਦਾ। ਯਿਸੂ 'ਤੇ ਦੋਸ਼ ਲਾਉਣ ਵਾਲਿਆਂ ਨੇ ਅਨਜਾਣੇ ਵਿਚ ਬਹੁਤ ਡੂੰਘੀ ਸੱਚਾਈ ਕਹੀ: ''ਇਸ ਨੇ ਹੋਰਨਾਂ ਨੂੰ ਬਚਾਇਆ, ਆਪਣੇ ਆਪ ਨੂੰ ਨਹੀਂ ਬਚਾ ਸਕਦਾ'' (ਮਰਕੁਸ 15:31; ਵੇਖੋ ਲੂਕਾ 23:35)। ਸਾਡੇ ਪ੍ਰਭੂ ਦਾ ਨਾ ਕੋਈ ਸਾਨੀ ਹੈ ਨਾ ਉਹਦੇ ਮੁਕਾਬਲੇ ਦਾ। ਉਹ ਯਹੂਦਾ ਦਾ ਸ਼ੇਰ ਹੈ (ਪ੍ਰਕਾਸ਼ ਦੀ ਪੋਥੀ 5:5), ਪਰ ਉਹ ਖ਼ੁਦਾ ਦਾ ਲੇਲਾ ਵੀ ਹੈ। ਅਸੀਂ ਸ਼ੇਰ ਤੋਂ ਛੇਤੀ ਪਛਾਣ ਜਾਂਦੇ ਹਾਂ। ਪਰ ਫ਼ਤਹਿ ਸ਼ੇਰ ਨਾਲ ਨਹੀਂ, ਬਲਕਿ ਲੇਲੇ ਨਾਲ ਆਈ (1 ਪਤਰਸ 1:18, 19)। ਲੇਲੇ ਬਾਰੇ ਸਭ ਤੋਂ ਵੱਡੀ ਸਿੱਖਿਆ ਪ੍ਰਕਾਸ਼ ਦੀ ਪੋਥੀ ਵਿਚ ਹੈ।[1]

''ਪ੍ਰਾਸਚਿਤ'' ਸ਼ਬਦ ਦਾ ਅਰਥ ਹੈ ''ਸੁਧਾਰ ਕਰਨਾ, ਦਰੁੱਸਤ ਕਰਨਾ, ਸਤਾਏ ਗਏ ਨੂੰ ਸੰਤੁਸ਼ਟੀ ਦੇਣਾ।'' ''ਪ੍ਰਾਸਚਿਤ'' ਤੋਂ ਸੰਕੇਤ ਹੈ ਕਿ ''ਖ਼ੁਦਾ ਸਹੀ ਹੈ।'' ਉਹ ਸਾਡੀ ਮੁਸ਼ਕਿਲ ਪਾਪ ਬਾਰੇਸਹੀ ਹੈ। ਪ੍ਰਾਸਚਿਤ ਤਾਂ ਹੀਰੇ ਵਾਂਗ ਹੈ; ਅਸੀਂ ਇਸ ਨੂੰ ਇੱਕੋ ਪਾਸਿਓਂ ਇਹਨੂੰ ਪੂਰਾ ਨਹੀਂ ਵੇਖ ਸਕਦੇ। ਮੁੱਖ ਗਲਤੀਆਂ ਸਲੀਬ ਦੇ ਇਕ ਪਹਿਲੂ ਨੂੰ ਦੂਜੇ ਨਾਲੋਂ ਬਹੁਤੀ ਅਹਿਮੀਅਤ ਦੇਣ ਨਾਲ ਹੀ ਆਉਣੀਆਂ ਹਨ। ਯਿਸੂ ਸਲੀਬ ਤੇ ਮਰਿਆ। ਇਹ ਇਤਿਹਾਸ ਹੈ। ਯਿਸੂ ਮੇਰੇ ਲਈ ਮਰਿਆ। ਇਹ ਮੁਕਤੀ ਹੈ। ਸਾਡੇ ਲਈ ਇਹ ਵਿਸ਼ਵਾਸ ਕਰਨਾ ਅਤੇ ਮੰਨਣਾ ਜ਼ਰੂਰੀ ਹੈ ਕਿ ਯਿਸੂ ਸਾਡੇ ਵਿੱਚੋਂ ਹਰ ਕਿਸੇ ਲਈ ਮਰਿਆ।

## ਪ੍ਰਾਸਚਿਤ ਅਤੇ ਧਰਮੀ ਠਹਿਰਾਉਣਾ

ਕਿਹਾ ਜਾਂਦਾ ਹੈ ਕਿ ਰੋਮੀਆਂ ਦੀ ਕਿਤਾਬ ਬਾਈਬਲ ਦਾ ਦਿਲ ਹੈ ਅਤੇ ਰੋਮੀਆਂ 3:20-26 ਕਿਤਾਬ ਦਾ ਦਿਲ ਹੈ ਇਨ੍ਹਾਂ ਆਇਤਾਂ ਵਿਚ ਪੋਲੁਸ ਨੇ ''... ਤਾਂ ਜੋ ਉਹ ਆਪ ਧਰਮੀ ਠਹਿਰੇ ਅਤੇ ... ਧਰਮੀ ਠਹਿਰਾਏ'' ਵਾਕ ਦੀ ਵਰਤੋਂ ਕੀਤੀ। ਪ੍ਰਾਸਚਿਤ ਦਾ ਅਧਾਰ ਨਿਆ ਹੈ। ਬੁਨਿਆਦੀ ਤੌਰ ਤੇ ਬਾਈਬਲ ''ਧਰਮੀ ਠਹਿਰਾਉਣਾ'' ਅਤੇ ''ਧਾਰਮਿਕਤਾ'' ਨੂੰ ਇੱਕੋ ਤਰ੍ਹਾਂ ਨਾਲ ਵਰਤਿਆ ਗਿਆ ਹੈ। ਸਾਫ਼ ਹੈ ਕਿ ਬਿਨਾਂ ਨਿਆਂ ਦੇ ਧਾਰਮਿਕਤਾ ਬਾਰੇ ਨਹੀਂ ਦੱਸਿਆ ਜਾ ਸਕਦਾ। ਭਲਾ ਖ਼ੁਦਾ ਦੋਸ਼ੀ ਨੂੰ ਧਰਮੀ ਕਿਵੇਂ ਠਹਿਰਾ ਸਕਦਾ ਹੈ? ਖ਼ੁਦਾ ਸਮੇਂ ਤੇ ਭੁਲ ਜਾਣ ਨਾਲ ਪਾਪ ਖ਼ਤਮ ਨਹੀਂ ਹੋ ਜਾਂਦਾ। ਪਾਪ ਨੂੰ ਘੂਰਿਆ ਨਹੀਂ ਜਾ ਸਕਦਾ। ਖ਼ੁਦਾ ਵੀ ਪਾਪ ਨੂੰ ਘੂਰਦਾ ਨਹੀਂ ਹੈ। ਪਾਪ ਦਾ ਜੁਰਮਾਨਾ ਚੁਕਾਇਆ ਜਾਣਾ ਜ਼ਰੂਰੀ ਹੈ ਅਤੇ ਪਾਪ ਨੂੰ ਸਜ਼ਾ ਦਿੱਤੀ ਜਾਣੀ ਲਾਜ਼ਮੀ ਹੈ। ਯਿਸੂ ਨੇ ਇਹ ਸਭ ਚੁਕਾ ਦਿੱਤੀ। ਇਸ ਤਰ੍ਹਾਂ ਖ਼ੁਦਾ ਨੂੰ ਪਾਪ ਦਾ ਜਵਾਬ ਸਲੀਬ ਹੈ।

ਸਾਡਾ ਸਮਾਜ ਇਸ ਸੱਚਾਈ ਤੋਂ ਠੋਕਰ ਖਾਂਦਾ ਹੈ (1 ਕੁਰਿੰਥੀਆਂ 1:22-25)। ਆਦਮੀ ਨੂੰ ਨਜ਼ਰ ਨਹੀਂ ਆ ਸਕਦਾ ਕਿ ਉਹ ਪਾਪ ਵਿਚ ਗੁਆਚਿਆ ਹੋਇਆ ਹੈ। ਸਰਵਮੁਕਤੀਵਾਦੀਆਂ ਦਾ ਕਹਿਣਾ ਹੈ ਕਿ ''ਖ਼ੁਦਾ ਐਨਾ ਚੰਗਾ ਹੈ ਕਿ ਕਿਸੇ ਨੂੰ ਨਰਕ ਨਹੀਂ ਭਜੇਗਾ।'' ਪਰ ਪਾਕ ਖ਼ੁਦਾ ਪਾਪ ਨੂੰ ਬਿਨਾਂ ਸਜ਼ਾ ਦਿੱਤੇ ਨਹੀਂ ਰਹਿ ਸਕਦਾ। ਖ਼ੁਦਾ ਤਾਂ ਨਿਆਂ ਕਰਨ ਵਾਲਾ ਖ਼ੁਦਾ ਹੈ। ਇਸ ਵਿਚਾਰ ਨੂੰ ਨਾ ਮੰਨੋ ਕਿ ''ਖ਼ੁਦਾ ਪਿਆਰ ਕਰਨ ਵਾਲਾ ਹੈ ਅਤੇ ਉਹ ਪਾਪ ਨੂੰ

ਨਜ਼ਰਅੰਦਾਜ਼ ਕਰ ਦੇਵੇਗਾ।'' ਰਹਿਮ ਨਿਆਂ ਨਾਲ ਫ਼ਰੇਬ ਨਹੀਂ ਕਰ ਸਕਦਾ। ਖ਼ੁਦਾ ਇਸ ਤੋਂ ਘੱਟ ਨਹੀਂ ਹੋ ਸਕਦਾ ਜੋ ਉਹ ਹੈ। ਨਿਆਂ ਦਾ ਨਿਯਮ ਜਜ਼ਬਾਤੀ ਪਿਆਰ ਨਾਲੋਂ ਕਿਤੇ ਵੱਧ ਹੈ। ਜੋ ਨਿਆਂ ਦੀ ਮੰਗ ਸੀ ਉਹ ਕਿਰਪਾ ਨੇ ਮੁਹੱਈਆ ਕਰ ਦਿੱਤੀ। ਜੋ ਮਨੁੱਖ ਨਹੀਂ ਕਰ ਸਕਿਆ; ਉਹ ਖ਼ੁਦਾ ਦੇ ਪੁੱਤਰ ਯਿਸੂ ਨੇ ਕਰ ਦਿੱਤਾ।

ਨਿਆਂ ਬਾਈਬਲੀ ਸਿੱਖਿਆ ਦਾ ਅਧਾਰ ਹੈ। ਸਲੀਬ ਨੂੰ ਮੰਨਣ ਦਾ ਅਰਥ ਨਿਆਂ ਨੂੰ ਮੰਨਣਾ ਅਤੇ ਨਰਕ ਨੂੰ ਮੰਨਣਾ ਹੈ। ਨਿਆਂ (ਪਵਿੱਤਰਤਾ) ਤੋਂ ਅੱਡ ਹੋ ਕੇ ਪਿਆਰ ਦਾ ਕੋਈ ਮਕਸਦ ਨਹੀਂ ਰਹਿ ਜਾਂਦਾ। ਨਿਆਂ ਨਾ ਹੋਣ 'ਤੇ ਕਿਰਪਾ ਫ਼ਜ਼ੂਲ ਹੈ। ਬਗੈਰ ਨਿਆਂ ਦੇ ਸਲੀਬ ਬੇ ਮਕਸਦ ਹੈ। ਪਿਆਰ ਅਤੇ ਪਵਿੱਤਰਤਾ ਨਾਲੋ-ਨਾਲ ਚਲਦੇ ਹਨ। ਜੇ ਦੋਸ਼ ਨਾਲ ਕੋਈ ਫ਼ਰਕ ਨਹੀਂ ਪੈਂਦਾ ਤਾਂ ਯਿਸੂ ਦਾ ਮਰਨਾ ਫ਼ਜ਼ੂਲ ਹੈ। ਪਾਪ ਨੂੰ ਧੋਤਾ ਜਾਣਾ ਜ਼ਰੂਰੀ ਹੈ, ਨਾ ਕਿ ਨਜ਼ਰਅੰਦਾਜ਼ ਕਰਨਾ (1 ਕੁਰਿੰਥੀਆਂ 6:11)।

ਯਿਸੂ ਦਾ ਦੇਹ ਧਾਰਣ ਕਰਨਾ, ਸਾਨੂੰ ਆਪਣੇ ਆਪ ਵਿਚ ਬਚਾ ਨਹੀਂ ਸਕਦਾ ਸੀ। ਯਿਸੂ ਦੀਆਂ ਸੰਪੂਰਣ ਸਿੱਖਿਆਵਾਂ ਆਪਣੇ ਆਪ ਵਿਚ ਸਾਨੂੰ ਬਚਾ ਨਹੀਂ ਸਕਦੀਆਂ ਸਨ। ਲਹੂ ਦਾ ਹੋਣਾ ਜ਼ਰੂਰੀ ਸੀ: ''... ਅਤੇ ਬਿਨਾ ਲਹੂ ਵਹਾਏ ਮਾਫ਼ੀ ਨਹੀਂ ਹੁੰਦੀ'' ( ਇਬਰਾਨੀਆਂ 9:22)। ਮੌਤ ਜ਼ਰੂਰੀ ਸੀ: ''... ਕਿਉਂਕਿ ਇਕ ਮੌਤ ਹੋਈ ਹੈ'' ( ਇਬਰਾਨੀਆਂ 9:15-17; ਵੇਖੋ 2:9; ਰੋਮੀਆਂ 5:10; ਕੁਲੁੱਸੀਆਂ 1:22 )।

ਯਿਸੂ ਨੂੰ ਪਿਆਰ ਦੀ ਖ਼ਾਤਰ ਹੀ ਨਹੀਂ ਬਲਕਿ ਪਿਆਰ ਅਤੇ ਨਿਆਂ ਦੀ ਖ਼ਾਤਰ ਕਿੱਲਾਂ ਨਾਲ ਟੰਗਣਾ ਪਿਆ। ਖ਼ੁਦਾ *ਧਰਮੀ* ਹੈ। ਉਹ *ਧਰਮੀ ਠਹਿਰਾਉਣ* ਵਾਲਾ ਵੀ ਹੈ। ਖ਼ੁਦਾ *ਸਹੀ* ਹੈ। ਖ਼ੁਦਾ ਨੇ ਕਿਰਪਾ ਨਾਲ ਉਹ ਮੁਹੱਈਆ ਕਰਵਾਇਆ ਜੋ ਮਨੁੱਖ ਆਪਣੇ ਧਰਮ ਦੇ ਕੰਮਾਂ ਨਾਲ ਹਾਸਲ ਨਹੀਂ ਕਰ ਸਕਦਾ ਸੀ। ਯਿਸੂ ਨੇ ਇਸੇ ਲਈ ਪੁਕਾਰ ਕੇ ਆਖਿਆ, ''ਪੂਰਾ ਹੋਇਆ ਹੈ।'' ਜਦ ਉਹ ਸਲੀਬ ਤੇ ਸੀ ਤਾਂ ਉਹਨੇ ਉਹ ਕਰਜ਼ਾ ਉਤਾਰਿਆ ਜੋ ਉਹਦੇ ਸਿਰ ਨਹੀਂ ਸੀ; ਮੈਂ ਇਕ ਅਜਿਹਾ ਕਰਜ਼ ਦੇਣਾ ਸੀ ਜਿਹਨੂੰ ਮੈਂ ਚੁਕਾ ਨਹੀਂ ਸਕਦਾ ਸੀ।[2] ਯਿਸੂ ਜਾਂ ਤਾਂ ਆਪਣੇ ਆਪ ਨੂੰ ਬਚਾ ਸਕਦਾ ਸੀ ਜਾਂ ਸਾਨੂੰ ਬਚਾ ਸਕਦਾ ਸੀ। ਸਾਨੂੰ ਬਚਾਉਣ ਲਈ ਉਹਨੇ ਆਪਣੇ ਆਪ ਨੂੰ ਦੇ ਦਿੱਤਾ। ਮਨੁੱਖ ਦਾ ਨਿਆਂ ਕਰਨ ਵਾਲਾ ਮਨੁੱਖ ਦਾ ਮੁਕਤੀਦਾਤਾ ਬਣ ਗਿਆ (ਯੂਹੰਨਾ 5:22-27)।

ਇਸ ਕਰਕੇ ਮੁਕਤੀ ਦੀ ਸ਼ੁਰੂਆਤ ਅਤੇ ਅੰਤ ਦੋਵੇਂ ਧਰਮੀ ਠਹਿਰਾਏ ਜਾਣ ਨਾਲ ਹੁੰਦੀ ਹੈ। ਮਸੀਹ ਵਿਚ ਸਾਨੂੰ ਧਰਮੀ ਠਹਿਰਾਇਆ ਜਾਂਦਾ ਹੈ। ਅਸੀਂ ਪਾਪ ਕੀਤਾ ਹੈ, ਪਰ ਖ਼ੁਦਾ ਨੇ ਮਾਫ਼ ਕਰ ਦਿੱਤਾ ਹੈ। ਖ਼ੁਦਾ ਦਾ ਨਿਆਂ ਸਾਡੇ ਖਿਲਾਫ਼ ਐਨਾ ਹੈ ਕਿ ਮਸੀਹੀ ਲੋਕ ਵੀ ਹੈਰਾਨ ਰਹਿ ਜਾਂਦੇ ਹਨ।

## ਪ੍ਰਾਸਚਿਤ ਅਤੇ ਬਦਲ

ਕਲਵਰੀ 'ਤੇ ਵਿਚਕਾਰਲੀ ਸਲੀਬ ਯਿਸੂ ਦੀ ਨਹੀਂ ਸੀ ਬਲਕਿ ਇਹ ਤੁਹਾਡੀ ਅਤੇ ਮੇਰੀ ਸੀ। ਉਹ ਸਲੀਬ ਦਿੱਤਾ ਜਾਣਾ *ਦੂਜੇ ਦੀ ਥਾਂ, ਪ੍ਰਤੀਕਾਤਮਕ,* ਅਤੇ *ਬਦਲ ਦੇ ਰੂਪ ਵਿਚ* ਸੀ। ਮਸੀਹ ਨੇ ਉਹ ਮੌਤ ਲੈ ਲਈ ਜੋ ਮੇਰੇ ਅਤੇ ਤੁਹਾਡੇ ਲਈ ਸੀ; ਅਤੇ ਜਦ ਅਸੀਂ ਉਹਦੇ ਕੋਲ ਆਉਂਦੇ ਅਤੇ ਉਹਦੇ ਵਿਚ ਰਹਿੰਦੇ ਹਾਂ ਤਾਂ ਅਸੀਂ ਉਹ ਮਾਫ਼ੀ ਲੈਂਦੇ ਹਾਂ ਜੋ ਉਹਨੇ ਮੁਹੱਈਆ ਕਰਾਈ ਹੈ। ਬਗ਼ੈਰ ਬਦਲ ਦੇ ਸਲੀਬ ਇਕ ਬਹਾਦਰ ਆਦਮੀ ਦੀ ਕਹਾਣੀ ਹੈ ਜੋ ਖ਼ਤਰਨਾਕ

ਮੌਤ ਮਰਿਆ। ਅਸੀਂ ਆਪਣੇ ਆਪ ਨੂੰ ਬਚਾ ਨਹੀਂ ਸਕਦੇ, ਜਿਸ ਕਰਕੇ ਜੇ ਅਸੀਂ ਬਚਾਏ ਜਾਣਾ ਚਾਹੁੰਦੇ ਹਾਂ ਤਾਂ ਕਿਸੇ ਹੋਰ ਲਈ ਸਾਨੂੰ ਬਚਾਉਣਾ ਜ਼ਰੂਰੀ ਸੀ।

ਮੈਂ ਆਪਣੀ ਮੁਕਤੀ ਵਿਚ ਕੀ ਯੋਗਦਾਨ ਦਿੱਤਾ? ਆਪਣੇ ਆਪ ਦਾ! ਅਸੀਂ ਜੋ ਕੁਝ ਹੋਣਾ ਸੀ ਯਿਸੂ ਸਭ ਦਾ ਬਦਲ ਹੈ। ਖ਼ੁਦਾ ਦਾ ਪੁੱਤਰ, ਮਨੁੱਖ ਦਾ ਪੁੱਤਰ ਬਣਿਆ ਤਾਂ ਜੋ ਮਨੁੱਖ ਦੇ ਪੁੱਤਰਾਂ ਨੂੰ ਖ਼ੁਦਾ ਦੇ ਪੁੱਤਰ ਬਣਾ ਸਕੇ। ਮਸੀਹ ਦਾ ਲਹੂ ਪਹਿਲਾਂ ਸਾਡੇ ਲਈ ਦਿੱਤਾ ਗਿਆ ਅਤੇ ਫ਼ਿਰ ਹਰ ਰੋਜ਼ *ਸਾਨੂੰ* ਦਿੱਤਾ ਜਾਂਦਾ ਹੈ। ਭਲਾ ਕੋਈ ਕਿਸੇ ਦੂਜੇ ਦੇ ਦੁੱਖ ਤੋਂ ਫ਼ਾਇਦਾ ਲੈ ਸਕਦਾ ਹੈ? ਹਾਂ। ਜ਼ਿੰਦਗੀ ਖ਼ੁਦ ਬਦਲ ਦੀ ਇਸ ਧਾਰਣਾ ਨਾਲ ਭਰੀ ਹੋਈ ਹੈ। ਪੁਰਾਣੇ ਨੇਮ ਦੇ ਕੁਰਬਾਨੀ ਦੇ ਪ੍ਰਬੰਧ ਤੋਂ ਸਾਨੂੰ ਇਸ ਡੂੰਘੀ ਸੱਚਾਈ ਦਾ ਪਤਾ ਲਗਦਾ ਹੈ। ‘‘ਬਲੀ ਦਾ ਬੱਕਰਾ’’ ਬੜੀ ਸਪੱਸ਼ਟ ਉਦਾਹਰਣ ਹੈ। ਖ਼ੂਬਸੂਰਤ ਯਸਾਯਾਹ 53 ਅਧਿਆਇ ਤੋਂ ਬਦਲ ਦੀ ਗਹਿਰਾਈ ਦਾ ਪਤਾ ਲਗਦਾ ਹੈ। ਉਸ ਵਚਨ ਦਾ ਸਾਰ ਕੁਰਬਾਨੀ ਹੈ। ਯਿਸੂ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਦਾ ਕੁਰਬਾਨ ਕੀਤਾ ਹੋਇਆ ਲੇਲਾ ਹੈ (ਪ੍ਰਕਾਸ਼ ਦੀ ਪੋਥੀ 13:8)। ਪੂਰੀ ਬਾਈਬਲ ਵਿਚ ਇਸ ਬਦਲ ਦੀ ਤਸਦੀਕ ਕੀਤੀ ਜਾ ਸਕਦੀ ਹੈ।[3] ਯਿਸੂ ਨੂੰ ਪਾਪ ਬਣਾਇਆ ਗਿਆ ਸੀ। ਉਹ ਸਾਡੇ ਲਈ ਪਾਪ ਬਣਿਆ ਜਿੰਨਾ ਅਨਿਆਂ ਅਤੇ ਨਿਆਂ ਸਲੀਬ ਤੇ ਹੋਇਆ ਸੀ।

ਭਲਾ ਕਿਸੇ ਧਰਮੀ ਨੂੰ ਧਰਮੀ ਕਿਵੇਂ ਬਣਾਇਆ ਜਾ ਸਕਦਾ ਹੈ? ਸਾਡੀ ਧਾਰਮਿਕਤਾ ‘‘ਐਲਾਨੀ ਗਈ ਧਾਰਮਿਕਤਾ’’ ਹੈ (ਵੇਖੋ ਰੋਮੀਆਂ 3:25, 26; KJV; ਫ਼ਿਲਿੱਪੀਆਂ 3:9; ਯਾਕੂਬ 2:23 )। ਕੋਈ ਆਪਣੇ ਆਪ ਨੂੰ ਧਰਮੀ ਨਹੀਂ ਐਲਾਨ ਸਕਦਾ (ਰੋਮੀਆਂ 3:9, 10, 20)। ਆਪਣੇ ਆਪ ਨੂੰ ਧਰਮੀ ਠਹਿਰਾਉਣਾ ਨਾਮੁਮਕਿਨ ਹੈ। ਧਰਮੀ ਠਹਿਰਾਉਣ ਵਾਲਾ ਖ਼ੁਦਾ ਹੀ ਹੈ (ਰੋਮੀਆਂ 8:33) ਅਤੇ ਇਹ ਕੰਮ ਉਹ ਮੁਫ਼ਤ ਕਰਦਾ ਹੈ (ਰੋਮੀਆਂ 3:24)। ਇਹ ਇਕ ਦਾਨ ਹੈ। ਦਾਨ ਲਈ ਦੇਣ ਵਾਲੇ ਅਤੇ ਲੈਣ ਵਾਲੇ ਦੋਹਾਂ ਦਾ ਹੋਣਾ ਜ਼ਰੂਰੀ ਹੈ। ਦਾਨ ਉਦੋਂ ਤਕ ਦਾਨ ਨਹੀਂ ਅਖਵਾਉਂਦਾ ਜਦੋਂ ਤਕ ਉਹਨੂੰ ਲਿਆ ਨਾ ਜਾਵੇ। ਇਹਦੇ ਇਲਾਵਾ ਦਾਨ ਉਦੋਂ ਤਕ ਨਹੀਂ ਹੈ ਜਦ ਤਕ ਇਹਨੂੰ ਵਰਤਿਆ ਨਾ ਜਾਵੇ। ਸਾਡੀ ਮੁਸ਼ਕਿਲ ਪਾਪ ਦੀ ਹੈ। ਸਾਡੇ ਬਦਲ ਦੇ ਤੌਰ ਤੇ ਯਿਸੂ ਹੀ ਇਕੱਲਾ ਸੀ ਜੋ ਸਾਡੇ ਲਈ ਧਾਰਮਿਕਤਾ ਮੁਹੱਈਆ ਕਰਵਾ ਸਕਦਾ ਹੈ।

ਖ਼ੁਦਾ ਪਾਪ ਨੂੰ ਨਾ ਨਜ਼ਰਅੰਦਾਜ਼ ਕਰ ਸਕਦਾ ਹੈ ਅਤੇ ਨਾ ਬ੍ਰਖ਼ਾਸਤ। ਉਹਨੇ ਸਾਡਾ ਪਾਪ ਆਪਣੇ ਉੱਤੇ ਲੈ ਲਿਆ ਅਤੇ ਆਪਣੇ ਆਪ ਨੂੰ ਸਜ਼ਾ ਦਿੱਤੀ। ਖ਼ੁਦਾ ਦੀ ਪਵਿੱਤਰਤਾ ਨੂੰ ਸਨਮਾਨਿਤ ਕੀਤਾ ਗਿਆ, ਸਾਡੇ ਪਾਪ ਨੂੰ ਸਜ਼ਾ ਦਿੱਤੀ ਗਈ ਅਤੇ ਸਾਡੇ ਵਿੱਚੋਂ ਜਿਨ੍ਹਾਂ ਉਹਦਾ ਹੁਕਮ ਮੰਨਿਆ, ਉਨ੍ਹਾਂ ਨੂੰ ਛੁਡਾਇਆ ਗਿਆ ਹੈ। ਖ਼ੁਦਾ ਨੇ ਛੁਡਾਏ ਹੋਏ ਲੋਕਾਂ ਨੂੰ ਧਰਮੀ ਐਲਾਨ ਕੀਤਾ ਹੈ। ਇਹ ਕਾਨੂੰਨੀ ਐਲਾਨ ਹੈ। ਇਹ ‘‘ਵਾਜਿਬ ਧਰਮੀ ਠਹਿਰਾਉਣਾ’’ ਹੈ।

ਇਸ ਪ੍ਰਕ੍ਰਿਆ ਵਿਚ ਖ਼ੁਦਾ ਬਦ ਲੋਕਾਂ ਨੂੰ ਚੰਗੇ ਜਾਂ ਦੁਸ਼ਟਾਂ ਨੂੰ ਪਵਿੱਤਰ ਨਹੀਂ ਕਰ ਰਿਹਾ ਹੈ। ਮਸੀਹੀ ਲੋਕ ਵਫ਼ਾਦਾਰ ਹਨ ਪਰ ਸਿੱਧ ਨਹੀਂ। ਸਾਡੇ ਉੱਤੇ ਅਜ਼ਮਾਇਸ਼ ਆਉਂਦੀ ਹੈ ਅਤੇ ਸਾਡੇ ਵਿਚ ਪਾਪ ਹੈ, ਭਾਵ ਅਸੀਂ ਕਿਰਪਾ ਤੋਂ ਡਿੱਗ ਜਾਂਦੇ ਹਾਂ (ਰੋਮੀਆਂ 3:9-12)। ਮਸੀਹੀ ਲੋਕ ਅਜੇ ਵੀ ਧਰਤੀ ਤੇ, ਸਮੇਂ ਵਿਚ ਅਤੇ ਦੇਹ ਵਿਚ ਰਹਿੰਦੇ ਹਨ। ਪੌਲੁਸ ਨੇ ਕਿਹਾ ਕਿ ਦੇਹ ਵਿਚ ਕੁਝ ਵੀ ਭਲਾਈ ਵਾਸ ਨਹੀਂ ਕਰਦੀ ਹੈ (ਰੋਮੀਆਂ 7:18)। ਮਸੀਹੀ ਲੋਕਾਂ ਦੀ ਲੜਾਈ ... ਸ਼ੈਤਾਨ, ਪਾਪ ਅਤੇ ਆਪਣੇ ਖ਼ਿਲਾਫ਼ ਹੈ। ਪਰ ਮਸੀਹੀ ਲੋਕ ਜੋ ਰੌਸ਼ਨੀ ਵਿਚ ਚੱਲ ਰਹੇ ਹਨ, ਲਗਾਤਾਰ ਉਹਦੇ ਲਹੂ ਦੇ ਰਾਹੀਂ ਧੋਤੇ ਜਾਂਦੇ ਹਨ (1 ਯੂਹੰਨਾ 1:7)। ਖ਼ੁਦਾ ਮਸੀਹੀ

ਲੋਕਾਂ ਨੂੰ ਕਾਨੂੰਨੀ ਤੌਰ ਤੇ ਧਰਮੀ, ਭਾਵ ਤੋੜੇ ਗਏ ਕਾਨੂੰਨ ਦੀ ਕਿਸੇ ਵੀ ਜ਼ਿਮੇਵਾਰੀ ਤੋਂ ਅਜ਼ਾਦੀ ਐਲਾਨਦਾ ਹੈ, ਕਿਉਂਕਿ ਆਪਣੇ ਪੁੱਤਰ ਵਿਚ ਉਹਨੇ ਆਪ ਹਰਜਾਨਾ ਭਰ ਦਿੱਤਾ ਹੈ। ਸਾਨੂੰ ਮਸੀਹ ਵਿਚ ਬਪਤਿਸਮਾ ਲੈਣ ਦੇ ਰਾਹੀਂ ਮਸੀਹ ਨੂੰ ਪਹਿਨਿਆ ਗਿਆ (ਰੋਮੀਆਂ 6:3, 4; ਗਲਾਤੀਆਂ 3:26, 27)। ''ਧਰਮੀ ਐਲਾਨੇ ਜਾਣ'' ਨਾਲ ਸਾਡੀ ਆਪਣੀ ਸਥਿਤੀ ਹੀ ਨਹੀਂ ਬਦਲਦੀ, ਬਲਕਿ ਹੌਲੀ-ਹੌਲੀ ਸਾਡਾ ਸੁਭਾਅ ਅਤੇ ਵਿਹਾਰ ਵੀ ਬਦਲ ਜਾਂਦਾ ਹੈ।

ਬਿਨਾ ਪ੍ਰਾਸਚਿਤ ਦੇ ਧਾਰਮਿਕਤਾ ਹੋ ਹੀ ਨਹੀਂ ਸਕਦੀ। ਆਗਿਆਕਾਰੀ ਵਿਸ਼ਵਾਸ ਉਹ ਸਭ ਗ੍ਰਹਿਣ ਕਰ ਲੈਂਦਾ ਹੈ ਜੋ ਕਿਰਪਾ ਵੱਲੋਂ ਪੇਸ਼ ਕੀਤਾ ਜਾਂਦਾ ਹੈ। ਖ਼ੁਦਾ ਦੀ ਸਲੀਬ ਅਲੱਖ ਭੇਤ, ਭਾਵ ਉਹ ਪਿਆਰ ਹੈ ਜੋ ਸਾਡੀ ਸਮਝ ਤੋਂ ਬਹੁਤ ਉੱਪਰ ਹੈ। ਹਕੀਕਤ 'ਚ ਖ਼ੁਦਾ ਅਜਿਹਾ ਨਹੀਂ ਹੈ, ਜਿਹਨੂੰ ਅਸੀਂ ਸਮਝ ਸਕੀਏ ਪਰ ਅਸੀਂ ਉਹਦੇ 'ਤੇ ਭਰੋਸਾ ਕਰ ਸਕਦੇ ਹਾਂ।

ਮਸੀਹੀਅਤ ਦੇ ਅਲੋਚਕ ਬਦਲ ਤੋਂ ਗੁਰੇਜ਼ ਕਰਦੇ ਹਨ ਕਿਉਂਕਿ ਬਦਲ ਨਾਲ ਕੁਰਬਾਨੀ ਦੀ ਗੱਲ ਵਧ ਕੇ ਨਜ਼ਰ ਆਉਂਦੀ ਹੈ। ਪਰ ਬਾਈਬਲੀ ਧਰਮ ਦੀ ਪੂਰੀ ਧਾਰਣਾ ਕੁਰਬਾਨੀ ਤੇ ਅਧਾਰਿਤ ਹੈ। ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤਕ ਖ਼ੁਦਾ ਨੇ ਠਹਿਰਾਇਆ ਕਿ ਪਾਪ ਲਈ ਕੁਰਬਾਨੀ ਕੀਤੀ ਜਾਵੇ। ਯਿਸੂ ਨੂੰ ਸਿਰਫ਼ ਚੰਗਾ ਗੁਰੂ, ਪਰਉਪਕਾਰੀ ਜਾਂ ਨਿਰ੍ਹਾ ਮਨੁੱਖ ਕਹਿਣਾ ਗ਼ਲਤ ਹੋਵੇਗਾ, ਕਿਉਂਕਿ ਉਹ ਤਾਂ ਸਾਡੀ ਕੁਰਬਾਨੀ ਹੈ। ਖ਼ੁਦਾ ਮੇਲ ਕਰਾਉਣ ਵਾਲਾ ਵੀ ਹੈ ਅਤੇ ਮੇਲ ਕੀਤਾ ਹੋਇਆ ਵੀ। ਯਿਸੂ ਮਨੁੱਖਤਾ ਦਾ ਬਦਲ ਹੈ। ਉਹਨੇ ਕੋਈ ਜਾਨਵਰ ਨਹੀਂ ਬਲਕਿ ਆਪਣੇ ਆਪ ਨੂੰ ਪੇਸ਼ ਕੀਤਾ। ਇਬਰਾਨੀਆਂ ਦੀ ਕਿਤਾਬ ਯਿਸੂ ਨੂੰ ਵਿਲੱਖਣ ਯਾਜਕ ਅਤੇ ਕੁਰਬਾਨੀ ਦੇ ਰੂਪ ਵਿਚ ਪਰਗਟ ਕਰਦੀ ਹੈ। ਇਕ ਲੇਖਕ ਨੇ ਕਿਹਾ, ''ਮਸੀਹ ਇਕ ਯਾਜਕ ਦੇ ਤੌਰ ਤੇ ਸਾਨੂੰ ਸਾਡੇ ਪਾਪਾਂ ਦੀ ਕੁਰਬਾਨੀ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕਰਦੇ ਬਚਾਉਂਦਾ ਹੈ।''[4] ਪੁਰਾਣੇ ਨੇਮ ਵਿਚ ਖ਼ੁਦਾ ਨੇ ਇਸਰਾਏਲੀਆਂ ਦੇ ਮਿਸਰ ਵਿਚ ਨਿੱਕਲਣ ਦੀ ਤਿਆਰੀ ਕਰਨ ਵੇਲੇ ਹਰ ਪਰਿਵਾਰ ਨੂੰ ਬਚਾਉਣ ਲਈ ਦਰਵਾਜ਼ਿਆਂ ਦੇ ਸੇਰੂਆਂ ਦੇ ਲਹੂ ਨੂੰ ਵੇਖਣਾ ਸੀ (ਕੂਚ 12:13)। ਖ਼ੁਦਾ ਵੱਲੋਂ ਬਚਾਇਆ ਗਿਆ ਹਰ ਸ਼ਖ਼ਸ ਇਸੇ ਤਰ੍ਹਾਂ ਖ਼ੁਦਾ ਲਈ ਖਰੀਦਿਆ ਹੋਇਆ ਹੈ। ਸਾਡੀਆਂ ਦੇਹਾਂ ਸ੍ਰਿਸ਼ਟੀ ਦੇ ਰਾਹੀਂ, ਛੁਟਕਾਰੇ ਦੇ ਰਾਹੀਂ, ਅਤੇ ਪਵਿੱਤਰ ਆਤਮਾ ਦੇ ਵਾਸ ਦੇ ਰਾਹੀਂ ਤਿੰਨ ਤਰ੍ਹਾਂ ਨਾਲ ਖ਼ੁਦਾ ਦੀਆਂ ਦਿੱਤੀਆਂ ਹਨ।[5]

## ਪ੍ਰਾਸਚਿਤ ਅਤੇ ਗੋਦ ਲੈਣਾ

ਸਾਡੀਆਂ ਸੇਵਕਾਈਆਂ ਵਿਚ ਮਾਪਿਆਂ ਨੂੰ ਕੋਈ ਬੱਚਾ ਗੋਦ ਲੈਣ ਵਿਚ ਮਦਦ ਦੇਣਾ ਸਭ ਤੋਂ ਰੋਮਾਂਚਕਾਰੀ ਹੈ, ਗੋਦ ਲਏ ਜਾਣ ਦੇ ਕਾਗਜ਼ਾਂ ਤੇ ਦਸਤਖ਼ਤ ਹੋਣ ਦੇ ਬਾਅਦ ਅਸੀਂ ਸਭ ਸੋਚਦੇ ਹਾਂ, ''ਇਸ ਬੱਚੇ ਨੂੰ ਸਮਝ ਨਹੀਂ ਹੈ ਕਿ ਇਹ ਕਿੰਨਾ ਖ਼ੁਸਕਿਸਮਤ ਹੈ।'' ਗੋਦ ਲਏ ਜਾਣ ਦੀ ਧਾਰਣਾ ਮਸੀਹੀਅਤ ਦਾ ਅਣਗੌਲਿਆ ਪਹਿਲੂ ਹੈ। ਇਸ ਵਿਸ਼ੇ ਤੇਂ ਅਸੀਂ ਕਦੇ ਗੱਲ ਹੀ ਨਹੀਂ ਕਰਦੇ ਜਾਂ ਇਹਦਾ ਅਧਿਐਨ ਹੀ ਨਹੀਂ ਕਰਦੇ।

ਆਓ ਇਹਨੂੰ ਬਦਲ ਕੇ ਪਵਿੱਤਰ ਆਤਮਾ ਅਤੇ ਸਾਡੇ ਗੋਦ ਲੈਣ ਵਿਚ ਉਹਦੇ ਯੋਗਦਾਨ ਦੀ ਗੱਲ ਕਰਦੇ ਹਾਂ। ਸ਼ੁਰੂ ਕਰਨ ਲਈ, ਯਾਦ ਰੱਖੋ ਕਿ ਮਸੀਹੀ ਬਣਨ ਤੇ ਅਸੀਂ ਜਲ ਅਤੇ ਆਤਮਾ ਤੋਂ ਪੈਦਾ ਹੋਏ ਹਾਂ (ਯੂਹੰਨਾ 3:3-7)। ਆਤਮਾ ਦੀ ਅਗਵਾਈ ਨਾਲ, ਅਸੀਂ ਖ਼ੁਦਾ ਦੀ ਸੰਤਾਨ ਬਣਦੇ ਹਾਂ। ਉਹ ਗੋਦ ਲਏ ਜਾਣ ਦਾ ਆਤਮਾ ਹੈ। ਉਹ ਸਾਡੀ ਆਤਮਾ ਨਾਲ ਗਵਾਹੀ ਦਿੰਦਾ ਹੈ (ਰੋਮੀਆਂ 8:14-18)। ਇਹ ਸਾਨੂੰ ''ਮਸੀਹ ਨਾਲ ਸਾਂਝੇ ਵਾਰਸ'' ਬਣਾ

ਦਿੰਦਾ ਹੈ। ਖ਼ੁਦਾ ਨੂੰ ਬੱਚਿਆਂ ਦੀ ਲੋੜ ਹੈ, ਗੁਲਾਮਾਂ ਦੀ ਨਹੀਂ। ਪੁਰਾਣੇ ਨੇਮ ਵਿਚ ਜੋ ਖ਼ੁਦਾ ਫ਼ਾਸਲੇ ਤੇ ਬਣਿਆ ਰਿਹਾ, ਹੁਣ ਇਕ ਮਸੀਹੀ ਵਾਸਤੇ ਉਹ ''ਅੱਬਾ ਅਰਥਾਤ ਪਿਤਾ'' ਹੈ! ਇਹ ਸੱਚਾਈ ਸਾਡੀ ਸਮਝ ਤੋਂ ਬਾਹਰ ਹੈ! ਛੁਟਕਾਰਾ ਗੋਦ ਲਏ ਜਾਣ ਨੂੰ ਸੰਭਵ ਬਣਾ ਦਿੰਦਾ ਹੈ। ਖ਼ੁਦਾ ਦੀ ਇਸ ਸੰਤਾਨ ਨੂੰ ਵਾਅਦਾ ਦਿੱਤਾ ਗਿਆ ਹੈ ਕਿ ਉਹਦੇ ਦਿਲ 'ਚੋਂ ਪਵਿੱਤਰ ਆਤਮਾ ''ਹੇ ਅੱਬਾ! ਹੇ ਪਿਤਾ!'' ਪੁਕਾਰਦਾ ਹੈ (ਗਲਾਤੀਆਂ 4:4-7)।

ਫ਼ਜ਼ਲ ਅਜੀਬ! ਫ਼ਜ਼ਲ ਨਾਲ ਖ਼ੁਦਾ ਨੇ ਯਿਸੂ ਦੇ ਰਾਹੀਂ ਸਾਡਾ ਗੋਦ ਲਿਆ ਜਾਣਾ ਪੱਕਾ ਕਰ ਦਿੱਤਾ। ਖ਼ੁਦਾ ਨੇ ਸਾਨੂੰ ਆਪਣੇ ਅਜ਼ੀਜ਼ ਭਾਵ ਯਿਸੂ ਵਿਚ ਕਬੂਲ ਕਰ ਲਿਆ ਹੈ। ਉਹਦੇ ਲਹੂ ਦੇ ਰਾਹੀਂ ਛੁਟਕਾਰਾ ਮਿਲਦਾ ਹੈ। ਮੁਕਤੀ ਲਈ ਇੰਜੀਲ ਦੀ ਗੱਲ ਮੰਨਣ ਤੇ ਸਾਨੂੰ ਵਾਅਦੇ ਦੇ ਪਵਿੱਤਰ ਆਤਮਾ ਨਾਲ ਮੋਹਰ ਕੀਤਾ ਗਿਆ ਹੈ (ਅਫ਼ਸੀਆਂ 1:3-14)। ਬਾਈਬਲ ਵਿਚ ਇਹ ਆਇਤ ''ਤਾਜ ਦਾ ਹੀਰਾ'' ਹੈ। ਇਸੇ ਵਿਚ ਸਾਡੇ ਵਿਸ਼ਵਾਸ ਦੀ ਬੁਨਿਆਦ ਹੈ। ਯੂਹੰਨਾ ਨੇ ਖ਼ੁਦਾ ਦਾ ਅਤਿ ਮਹਾਨ ਪਿਆਰ ਜ਼ਾਹਿਰ ਕੀਤਾ ਕਿ ਮਾਫ਼ ਕੀਤੇ ਹੋਏ ਪਾਪੀ ਖ਼ੁਦਾ ਦੇ ਬੇਟੇ ਅਖਵਾ ਸਕਦੇ ਹਨ। ਯੂਹੰਨਾ ਨੇ ਕਿਹਾ ਕਿ ''ਅਸੀਂ ਖ਼ੁਦਾ ਦੇ ਬੇਟੇ ਹਾਂ'' (1 ਯੂਹੰਨਾ 3:1, 2)। ਕਿੰਨਾ ਗੰਭੀਰ ਵਿਚਾਰ ਹੈ! ਕਿੰਨਾ ਸ਼ਾਨਦਾਰ ਮੌਕਾ ਹੈ! ਇਸ ਵਿਚ ਅਸੀਂ ਅਜ਼ਾਦ ਅਤੇ ਪੁੱਤਰ ਹੋਣ ਦੀ ਰੋਮੀ ਧਾਰਣਾ ਨੂੰ ਵੇਖਦੇ ਹਾਂ। ਅਜ਼ਾਦ! ਬਹਾਲ ਕੀਤੇ ਗਏ! ਗੋਦ ਲਏ ਗਏ! ਖ਼ੁਦਾ ਦਾ ਸ਼ੁਕਰ ਹੈ! ਮਸੀਹ ਨੇ ਛੁਟਕਾਰੇ ਦਾ ਦਾਅਵਾ ਕਰਨਾ ਹੈ। ਇਕੱਲੇ ਅਸੀਂ ਜ਼ਿੰਦਗੀ ਦੀ ਲੜਾਈ ਜਿੱਤਣ ਦੇ ਅਯੋਗ ਹਾਂ। ਖ਼ੁਦਾ ਉਹ ਕਰਦਾ ਹੈ ਜੋ ਅਸੀਂ ਨਹੀਂ ਕਰ ਸਕਦੇ, ਸੋ ਅਸੀਂ ਉਹ ਹੋ ਸਕਦੇ ਹਾਂ ਜੋ ਅਸੀਂ ਸੋਚਣ ਦੀ ਹਿੰਮਤ ਵੀ ਨਹੀਂ ਕਰ ਸਕਦੇ।

*ਸਲੀਬ ...*
*ਹੋਰ ਰਾਹ ਹੀ ਨਹੀਂ!*

---

ਟਿੱਪਣੀਆਂ

[1]ਵੇਖੋ ਪ੍ਰਕਾਸ਼ ਦੀ ਪੋਥੀ 5:6, 12, 13; 6:16; 7:9, 10, 14; 12:11; 13:8; 14:1, 4; 21:9; 22:1, 3. [2]ਲੇਖਕ ਅਗਿਆਤ, ''ਹੀ ਪੇਡ ਦੇ ਡੈੱਟ,'' ਸੌਂਗਸ ਆਫ਼ ਫ਼ੇਥ ਐਂਡ ਪ੍ਰੇਜ਼, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹਾਵਰਡ (ਵੈਸਟ ਮੋਨਰੋ, ਲੂਇਸਿਆਨਾ: ਹਾਵਰਡ ਪਬਲਿਸ਼ਿੰਗ ਕੰ., 1994)। [3]ਵੇਖੋ ਰੋਮੀਆਂ 5:5-10; ਅਫ਼ਸੀਆਂ 1:3-13; ਫ਼ਿਲਿੱਪੀਆਂ 3:7-10; ਇਬਰਾਨੀਆਂ 2:9, 14-17; 7:25; 9:28; 10:10; 12:1, 2; 1 ਪਤਰਸ 2:24; 1 ਯੂਹੰਨਾ 2:1, 2. [4]ਚਾਰਲਸ ਹੌਜ, *ਸਿਸਟੇਮੈਟਿਕ ਥਿਓਲੋਜੀ,* ਅੰਕ 2 (ਨਿਊ ਯਾਰਕ: ਸਕ੍ਰਿਬਨਰ ਆਰਮਸਟ੍ਰੌਂਗ, ਐਂਡ ਕੰ., 1876), 555. [5]ਮਸੀਹੀ ਦੇ ਦਿਲ ਵਿਚ ਜੀਣ ਦਾ ਖ਼ੁਦਾ ਦਾ ਢੰਗ (ਵੇਖੋ ਰੋਮੀਆਂ 8:9-11; 1 ਕੁਰਿੰਥੀਆਂ 6:19, 20)।